Transportation Security Administration

# TWIC ਸੰਬੰਧੀ ਖੁਲਾਸਾ ਅਤੇ ਪ੍ਰਮਾਣੀਕਰਣ

**ਹਿਦਾਇਤਾਂ:** ਜੇਕਰ ਤੁਹਾਡੇ ਲਈ ਇਕ ਟਰਾਂਸਪੋਰਟੇਸ਼ਨ ਵਰਕਰ ਆਈਡੈਂਟੀਫਿਕੇਸ਼ਨ ਕਰੀਡੈਂਸ਼ੀਅਲ (ਆਵਾਜਾਈ ਕਾਮਾ ਪਛਾਣ ਪਰਿਚੈ-ਪੱਤਰ ਜਾਂ TWIC) ਹਾਸਲ ਕਰਨਾ ਲਾਜ਼ਮੀ ਹੋਵੇ, ਤਾਂ ਤੁਹਾਨੂੰ ਇੱਕ ਸੁਰੱਖਿਆ ਦੇ ਖ਼ਤਰੇ ਸੰਬੰਧੀ ਮੁਲਾਂਕਣ ਵਿੱਚੋਂ ਲੰਘਣ ਦੀ ਲੋੜ ਹੁੰਦੀ ਹੈ। ਇਸ ਮੁਲਾਂਕਣ ਵਿੱਚੋਂ ਲੰਘਣ ਲਈ, ਸਾਰੇ ਬਿਨੈਕਾਰਾਂ ਨੂੰ ਦਾਖ਼ਲਾ ਪ੍ਰਕਿਰਿਆ ਦੇ ਹਿੱਸੇ ਵਜੋਂ, ਹੇਠਾਂ ਮੰਗੀ ਗਈ ਜਾਣਕਾਰੀ ਅਤੇ ਆਪਣੀ ਪਛਾਣ ਅਤੇ ਇਮੀਗ੍ਰੇਸ਼ਨ ਦਰਜੇ (ਜੇਕਰ ਲਾਗੂ ਹੋਵੇ) ਦੀ ਤਸਦੀਕ ਲਈ ਢੁਕਵੇਂ ਦਸਤਾਵੇਜ਼ ਜ਼ਰੂਰ ਮੁਹੱਈਆ ਕਰਵਾਉਣੇ ਚਾਹੀਦੇ ਹਨ। ਪੂਰੇ ਭਰੇ ਗਏ ਫ਼ਾਰਮ, ਦਾਖ਼ਲਾ ਪ੍ਰਕਿਰਿਆ ਦੀ ਸ਼ੁਰੂਆਤ 'ਤੇ, ਨਿੱਜੀ ਤੌਰ 'ਤੇ ਜਮ੍ਹਾਂ ਕਰਵਾਉਣੇ ਲਾਜ਼ਮੀ ਹੁੰਦੇ ਹਨ। ਜੇਕਰ ਤੁਹਾਨੂੰ ਸ਼ੁਰੂ ਵਿੱਚ ਅਯੋਗ ਠਹਿਰਾਇਆ ਗਿਆ ਹੈ, ਤਾਂ ਤੁਸੀਂ *ਸ਼ਾਇਦ* TWIC ਲਈ ਯੋਗਤਾ ਪੂਰੀ ਕਰ ਸਕਦੇ ਹੋ ਅਤੇ ਤੁਹਾਨੂੰ ਇੱਕ ਛੋਟ ਲਈ ਅਰਜ਼ੀ ਦੇਣੀ ਚਾਹੀਦੀ ਹੈ, ਜੋ ਤੁਹਾਨੂੰ ਆਪਣੀ ਯੋਗਤਾ ਦੇ ਸਮਰਥਨ ਵਿੱਚ ਵਾਧੂ ਜਾਣਕਾਰੀ ਅਤੇ ਦਸਤਾਵੇਜ਼ ਮੁਹੱਈਆ ਕਰਵਾਉਣ ਦਾ ਮੌਕਾ ਦਿੰਦੀ ਹੈ। ਕਿਸੇ ਛੋਟ ਲਈ ਅਰਜ਼ੀ ਦੇਣ ਤੋਂ ਪਹਿਲਾਂ ਤੁਹਾਨੂੰ *ਖ਼ਤਰੇ ਦੇ ਮੁਲਾਂਕਣ ਦੇ ਮੁਢਲੇ ਨਿਰਧਾਰਣ* (IDTA) ਸੰਬੰਧੀ ਇੱਕ ਪੱਤਰ ਦੀ ਉਡੀਕ ਜ਼ਰੂਰ ਕਰਨੀ ਚਾਹੀਦੀ ਹੈ।

## ਸੈਕਸ਼ਨ 1- ਖੁਲਾਸਾ

### ਭਾਗ A. ਸਹਿਮਤੀਆਂ – ਹਰ ਇੱਕ ਬਿਆਨ ਦੀ ਸਮੀਖਿਆ ਕਰੋ ਅਤੇ ਜਿਵੇਂ ਢੁਕਵਾਂ ਹੋਵੇ, **ਹਾਂ** ਜਾਂ **ਨਹੀਂ** 'ਤੇ ਸਹੀ ਲਗਾ ਕੇ ਆਪਣਾ ਉੱਤਰ ਦਿਓ।

1. ਆਪਣੇ ਰੁਜ਼ਗਾਰ ਦੀਆਂ ਡਿਊਟੀਆਂ ਦੇ ਹਿੱਸੇ ਵਜੋਂ:
   - ਮੈਨੂੰ ਸਮੁੰਦਰੀ ਜਹਾਜ਼ ਦੇ ਜਾਂ ਬੇੜੀਆਂ ਦੇ ਅਜਿਹੇ ਸੁਰੱਖਿਅਤ ਖੇਤਰਾਂ, ਜਿਨ੍ਹਾਂ ਵਿੱਚ TWIC ਦੀ ਲੋੜ ਹੁੰਦੀ ਹੈ, ਵਿੱਚ ਕਿਸੇ ਰੱਖਿਅਕ ਤੋਂ ਬਿਨਾਂ ਪਹੁੰਚਣ ਦੀ ਲੋੜ ਹੁੰਦੀ ਹੈ ਜਾਂ ਇਸਦੀ ਬਹੁਤ ਜ਼ਿਆਦਾ ਸੰਭਾਵਨਾ ਹੁੰਦੀ ਹੈ; ☐ ਹਾਂ ☐ ਨਹੀਂ
   - ਮੈਂ ਇਸ ਸਮੇਂ ਇੱਕ ਪ੍ਰਮਾਣਿਤ ਵਪਾਰਕ ਨਾਵਿਕ ਹਾਂ ਜਾਂ ਅਜਿਹਾ ਬਣਨ ਲਈ ਅਰਜ਼ੀ ਦੇਣ ਜਾ ਰਿਹਾ ਹਾਂ; ਜਾਂ ਫਿਰ
   - ਮੈਂ ਇੱਕ ਵਪਾਰਕ ਡ੍ਰਾਈਵਰ ਹਾਂ ਜਿਸ ਨੂੰ ਕੈਨੇਡਾ ਜਾਂ ਮੈਕਸਿਕੋ ਵਿੱਚ ਖ਼ਤਰਨਾਕ ਪਦਾਰਥ ਢੋਣ ਅਤੇ ਜਾਂ ਸੰਯੁਕਤ ਰਾਜ ਵਿੱਚ ਵਪਾਰ ਕਰਨ ਦਾ ਲਾਇਸੈਂਸ ਮਿਲਿਆ ਹੋਇਆ ਹੈ।
2. ਮੈਂ ਸਮਝਦਾ/ਸਮਝਦੀ ਹਾਂ ਕਿ ਜੇਕਰ ਮੈਂ CG ਦੁਆਰਾ ਜਾਰੀ ਕੀਤੇ ਜਾਣ ਵਾਲੇ ਨਾਵਿਕ ਪਰਿਚੈ-ਪੱਤਰ ਲਈ ਅਰਜ਼ੀ ਕਰਨ ਜਾਂ ਇਸਨੂੰ ਨਵਿਆਉਣ ਦੀ ਵਿਉਂਤ ਬਣਾਉਂਦਾ ਹਾਂ, ਪਰ ਦਾਖ਼ਲੇ ਦੌਰਾਨ ਆਪਣਾ ਸੋਸ਼ਲ ਸਿਕਿਉਰਟੀ ਨੰਬਰ ਅਤੇ ਨਾਗਰਿਕਤਾ ਦਾ ਸਬੂਤ ਨਹੀਂ ਦਿੰਦਾ, ਤਾਂ ਮੇਰੀ ਅਰਜ਼ੀ ਨੂੰ CG ਦੁਆਰਾ ਜਾਰੀ ਕੀਤੇ ਜਾਣ ਵਾਲੇ ਪਰਿਚੈ-ਪੱਤਰ ਲਈ ਪੂਰਾ ਵਿਚਾਰੇ ਜਾਣ ਤੋਂ ਪਹਿਲਾਂ, ਮੈਨੂੰ ਇਹ ਜਾਣਕਾਰੀ ਦੇਣ ਲਈ CG ਦੇ ਕਿਸੇ ਪ੍ਰਾਦੇਸ਼ਿਕ ਜਾਂਚ ਕੇਂਦਰ ਵਿਖੇ ਜਾਣਾ ਪਵੇਗਾ। ☐ ਹਾਂ ☐ ਨਹੀਂ
3. ਮੈਂ ਸਵੀਕਾਰ ਕਰਦਾ ਹਾਂ ਕਿ ਜੇਕਰ TSA ਜਾਂ ਕਾਨੂੰਨ ਲਾਗੂ ਕਰਨ ਵਾਲੀਆਂ ਦੂਸਰੀਆਂ ਏਜੰਸੀਆਂ ਇਹ ਨਿਰਧਾਰਿਤ ਕਰਦੀਆਂ ਹਨ ਕਿ ਮੈਂ ਰਾਸ਼ਟਰੀ ਸੁਰੱਖਿਆ ਜਾਂ ਢੋਅ-ਢੁਆਈ ਸੰਬੰਧੀ ਸੁਰੱਖਿਆ ਨੂੰ ਇੱਕ ਅਟੱਲ ਖ਼ਤਰਾ ਹਾਂ, ਤਾਂ ਮੇਰੇ ਮਾਲਕ ਨੂੰ ਇਤਲਾਹ ਦਿੱਤੀ ਜਾ ਸਕਦੀ ਹੈ। TSA ਕੇਂਦਰ ਜਾਂ ਬੇੜੀ ਨੂੰ ਸੀਮਿਤ ਜਾਣਕਾਰੀ ਦੇ ਸਕਦੀ ਹੈ। **ਨੋਟ:** FBI ਰੈਪ ਸ਼ੀਟਾਂ ਮਾਲਕਾਂ ਦੇ ਨਾਲ ਸਾਂਝੀ ਨਹੀਂ ਕੀਤੀ ਜਾਣਗੀਆਂ। ☐ ਹਾਂ ☐ ਨਹੀਂ
4. ਮੈਂ ਸਮਝਦਾ ਹਾਂ ਕਿ ਕਿਉਂਕਿ TWIC ਇੱਕ ਦਿਖਾਈ ਦੇਣ ਵਾਲੇ ਪਛਾਣ ਬੈਜ ਵਜੋਂ ਕੰਮ ਦੇਵੇਗਾ, ਮੇਰੀ ਤਸਵੀਰ ਲਏ ਜਾਣ ਸਮੇਂ ਮੇਰੇ ਚਿਹਰੇ ਦਾ ਕੋਈ ਹਿੱਸਾ ਚੀਜ਼ਾਂ ਜਾਂ ਕੱਪੜੇ ਨਾਲ ਢੱਕਿਆ ਨਹੀਂ ਹੋਣਾ ਚਾਹੀਦਾ। ਇਸਦੇ ਸਿੱਟੇ ਵਜੋਂ, ਮੈਂ ਸਵੀਕਾਰ ਕਰਦਾ ਹਾਂ ਕਿ:
   - ਮੈਂ ਕੋਈ ਟੋਪ ਜਾਂ ਸਿਰ 'ਤੇ ਪਹਿਨਿਆ ਕੱਪੜਾ ਉਤਾਰ ਦਿਆਂਗਾ, ਜਦ ਤਕ ਕਿ ਇਸਨੂੰ ਧਾਰਮਿਕ ਕਾਰਨਾਂ ਲਈ ਹਰ ਰੋਜ਼ ਨਾ ਪਹਿਨਿਆ ਜਾਂਦਾ ਹੋਵੇ। ☐ ਹਾਂ ☐ ਨਹੀਂ
   - ਮੈਂ ਰੰਗਦਾਰ ਸ਼ੀਸ਼ਿਆਂ ਵਾਲੀਆਂ ਕਾਲੀਆਂ ਜਾਂ ਡਾਕਟਰ ਵੱਲੋਂ ਨਾ ਲਿਖੀਆਂ ਗਈਆਂ ਐਨਕਾਂ ਉਤਾਰ ਦਿਆਂਗਾ, ਜਦ ਕਿ ਉਹਨਾਂ ਨੂੰ ਮੈਡੀਕਲ ਕਾਰਨਾਂ ਕਰਕੇ ਹਰ ਵੇਲੇ ਪਹਿਣੇ ਜਾਣ ਦੀ ਲੋੜ ਨਾਂ ਹੋਵੇ। ਜੇਕਰ ਅਜਿਹਾ ਹੋਵੇ, ਤਾਂ ਇੱਕ ਮੈਡੀਕਲ ਸਰਟੀਫ਼ਿਕੇਟ ਦੀ ਮੰਗ ਕੀਤੀ ਜਾ ਸਕਦੀ ਹੈ।
5. ਮੈਂ:
   - ਸੰਯੁਕਤ ਰਾਜ ਦਾ ਇੱਕ ਨਾਗਰਿਕ ਜਾਂ ਸੰਯੁਕਤ ਰਾਜ ਦਾ ਇੱਕ ਵਸਨੀਕ ਹਾਂ। ☐ ਹਾਂ ☐ ਨਹੀਂ
   - ਸੰਯੁਕਤ ਰਾਜ ਦਾ ਇੱਕ ਨਾਗਰਿਕ ਜਾਂ ਵਸਨੀਕ ਨਹੀਂ ਹਾਂ, ਪਰ ਪੰਨਾ *3* 'ਤੇ ਦਿੱਤੀਆਂ ਸ਼੍ਰੇਣੀਆਂ ਵਿੱਚੋਂ ਕਿਸੇ ਵਿੱਚ ਆਉਂਦਾ ਹਾਂ ਜੋ ਮੈਨੂੰ TWIC ਰੱਖਣ ਦੀ ਇਜਾਜ਼ਤ ਦਿੰਦੀ ਹੈ। ☐ ਹ?ਾਂ ☐ ਨਹੀਂ
6. ਇਸ ਸਮੇਂ ਮੇਰੇ ਕੋਲ TWIC ਨਹੀਂ ਹੈ। ☐ ਹਾਂ ☐ ਨਹੀਂ

### ਭਾਗ B. ਅਪਰਾਧਿਕ ਪਿਛੋਕੜ – ਹਰ ਇੱਕ ਬਿਆਨ ਨੂੰ ਪੜ੍ਹੋ ਅਤੇ ਜਿਵੇਂ ਢੁਕਵਾਂ ਹੋਵੇ, **ਹਾਂ** ਜਾਂ **ਨਹੀਂ** 'ਤੇ ਸਹੀ ਲਗਾ ਕੇ ਉੱਤਰ ਦਿਓ। *(ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਪੰਨਾ 4 ਦੇਖੋ)*

1. ਆਪਣੇ ਜੀਵਨ ਕਾਲ ਵਿੱਚ ਕਿਸੇ ਸਮੇਂ 'ਤੇ (ਅਲੱੜ੍ਹ ਉਮਰ ਦੇ ਮਾਮਲਿਆਂ ਨੂੰ ਛੱਡ ਕੇ ਜਦੋਂ ਤਕ ਕਿ ਇੱਕ ਬਾਲਗ ਦੀ ਤਰ੍ਹਾਂ ਦੋਸ਼ ਸਿੱਧ ਨਾ ਕੀਤੇ ਗਏ ਹੋਣ) ਕਿਸੇ ਅਸੈਨਿਕ ਜਾਂ ਸੈਨਿਕ ਅਦਾਲਤ ਦੁਆਰਾ ਹੇਠਾਂ ਦੱਸੇ ਇੱਕ ਜਾਂ ਇੱਕ ਤੋਂ ਵੱਧ ਸੰਗੀਨ ਜੁਰਮਾਂ ਵਿੱਚ ਮੈਨੂੰ ਦੋਸ਼ੀ ਸਾਬਤ ਕੀਤਾ ਗਿਆ ਸੀ ਜਾਂ ਮੈਂ ਜੁਰਮ ਮੰਨ ਲਏ ਸਨ ("ਮੁਕੱਦਮਾ ਨਾ ਲੜ੍ਹਨਾ" ਸਮੇਤ) ਜਾਂ ਪਾਗਲਪਣ ਦੇ ਕਾਰਨ ਕਰਕੇ ਦੋਸ਼ੀ ਨਹੀਂ ਪਾਇਆ ਗਿਆ ਸੀ: ☐ ਹਾਂ ☐ ਨਹੀਂ
   - ਜਾਸੂਸੀ ਜਾਂ ਜਾਸੂਸੀ ਕਰਨ ਦੀ ਸਾਜਿਸ਼;
   - ਬਗਾਵਤ ਜਾਂ ਬਗਾਵਤ ਕਰਨ ਦੀ ਸਾਜਿਸ਼;
   - ਰਾਜਦ੍ਰੋਹ ਜਾਂ ਰਾਜਦ੍ਰੋਹ ਕਰਨ ਦੀ ਸਾਜਿਸ਼; ਜਾਂ
   - ਅੱਤਵਾਦ ਦਾ ਇਕ ਫ਼ੈਡਰਲ ਅਪਰਾਧ ਜਿਵੇਂ ਕਿ 18 U.S.C. 2332(g) ਜਾਂ ਇਸਦੇ ਬਰਾਬਰ ਦੇ ਕਿਸੇ ਪ੍ਰਾਦੇਸ਼ਿਕ ਕਾਨੂੰਨ ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ।

   **ਨੋਟ:** ਜੇ ਤੁਸੀਂ "ਹਾਂ" ਵਿੱਚ ਉੱਤਰ ਦਿੰਦੇ ਹੋ ਤਾਂ ਤੁਸੀਂ TWIC ਅਤੇ/ਜਾਂ ਕੋਈ ਛੋਟ ਪ੍ਰਾਪਤ ਕਰਨ ਦੀ ਯੋਗਤਾ ਪੂਰੀ ਨਹੀਂ ਕਰਦੇ।
2. ਆਪਣੇ ਜੀਵਨ ਕਾਲ ਵਿੱਚ ਕਿਸੇ ਸਮੇਂ 'ਤੇ (ਅਲੱੜ੍ਹ ਉਮਰ ਦੇ ਮਾਮਲਿਆਂ ਨੂੰ ਛੱਡ ਕੇ ਜਦੋਂ ਤਕ ਕਿ ਇੱਕ ਬਾਲਗ ਦੀ ਤਰ੍ਹਾਂ ਦੋਸ਼ ਸਿੱਧ ਨਾ ਕੀਤੇ ਗਏ ਹੋਣ) ਕਿਸੇ ਅਸੈਨਿਕ ਜਾਂ ਸੈਨਿਕ ਅਦਾਲਤ ਦੁਆਰਾ ਹੇਠਾਂ ਦੱਸੇ ਗਏ ਸੰਗੀਨ ਜੁਰਮਾਂ ਵਿੱਚੋਂ ਕਿਸੇ ਵਿੱਚ ਵੀ, ਮੈਨੂੰ ਦੋਸ਼ੀ ਸਾਬਤ ਕੀਤਾ ਗਿਆ ਸੀ ਜਾਂ ਮੈਂ ਜੁਰਮ ਮੰਨ ਲਏ ਸਨ ("ਮੁਕੱਦਮਾ ਨਾ ਲੜ੍ਹਨਾ" ਸਮੇਤ) ਜਾਂ ਪਾਗਲਪਣ ਦੇ ਕਾਰਨ ਕਰਕੇ ਦੋਸ਼ੀ ਨਹੀਂ ਪਾਇਆ ਗਿਆ ਸੀ: ☐ ਹਾਂ ☐ ਨਹੀਂ
   - ਕੋਈ ਅਪਰਾਧ ਜਿਸ ਵਿੱਚ ਢੋਅ-ਢੁਆਈ ਦੀ ਸੁਰੱਖਿਆ ਸੰਬੰਧੀ ਘਟਨਾ ਸ਼ਾਮਲ ਹੋਵੇ;
   - ਕਿਸੇ ਖ਼ਤਰਨਾਕ ਸਮੱਗਰੀ ਦੀ ਗ਼ਲਤ ਢੋਅ-ਢੁਆਈ;
   - ਕਿਸੇ ਵਿਸਫ਼ੋਟ ਜਾਂ ਵਿਸਫ਼ੋਟਕ ਯੰਤਰ ਨੂੰ ਗ਼ੈਰ-ਕਾਨੂੰਨੀ ਤੌਰ 'ਤੇ ਰੱਖਣਾ, ਇਸਦਾ ਇਸਤੇਮਾਲ, ਵਿੱਕਰੀ, ਵੰਡ, ਉਤਪਾਦਨ, ਖ਼ਰੀਦ ਜਾਂ ਲੈਣ-ਦੇਣ;
   - ਕਤਲ;
   - ਕਿਸੇ ਜਨਤਕ, ਸਰਕਾਰੀ, ਜਨਤਕ ਢੋਅ-ਢੁਆਈ, ਜਾਂ ਆਧਾਰਕ ਸਰੰਚਨਾ ਵਾਲੇ ਕੇਂਦਰ ਵਿੱਚ ਕਿਸੇ ਵਿਸਫ਼ੋਟਕ ਜਾਂ ਕਿਸੇ ਦੂਸਰੇ ਜਾਨਲੇਵਾ ਉਪਕਰਨ ਦੀ ਡਿਲੀਵਰੀ, ਸਥਾਪਨ ਜਾਂ ਵਿਸਫ਼ੋਟ ਦੇ ਸੰਬੰਧ ਵਿੱਚ, ਕੋਈ ਖ਼ਤਰਾ ਪੈਦਾ ਕਰਨਾ ਜਾਂ ਦੁਰਭਾਵਨਾ ਨਾਲ ਝੂਠੀ ਜਾਣਕਾਰੀ ਅੱਗੇ ਪਹੁੰਚਾਉਣਾ ਜਿਸਦੇ ਝੂਠਾ ਹੋਣ ਦਾ ਪਤਾ ਹੋਵੇ;
   - RICO ਅਧਿਨਿਯਮ ਦੀਆਂ ਉਲੰਘਣਾਵਾਂ ਜਿੱਥੇ ਕੋਈ ਵਿਸ਼ੇਸ਼ ਕੰਮ ਭਾਗ B1 ਅਤੇ B2 ਵਿੱਚ ਦਿੱਤਾ ਗਿਆ ਕੋਈ ਅਪਰਾਧ ਹੈ;
   - B1 ਅਤੇ B2 ਵਿੱਚ ਦਿੱਤਾ ਗਿਆ ਕੋਈ ਅਪਰਾਧ ਕਰਨ ਦੀ ਕੋਸ਼ਿਸ਼;
   - ਭਾਗ B2 ਵਿੱਚ ਦਿੱਤਾ ਗਿਆ ਕੋਈ ਅਪਰਾਧ ਕਰਨ ਦੀ ਸਾਜਿਸ਼ ਜਾਂ ਕੋਸ਼ਿਸ਼।
3. ਪਿਛਲੇ <u>7</u> ਸਾਲਾਂ ਵਿੱਚ, ਕਿਸੇ ਅਸੈਨਿਕ ਜਾਂ ਸੈਨਿਕ ਅਦਾਲਤ ਦੁਆਰਾ ਹੇਠਾਂ ਦੱਸੇ ਗਏ ਕਿਸੇ ਵੀ ਸੰਗੀਨ ਜੁਰਮ ਵਿੱਚ, ਮੈਨੂੰ ਦੋਸ਼ੀ ਸਾਬਤ ਕੀਤਾ ਗਿਆ ਸੀ ਜਾਂ ਮੈਂ ਜੁਰਮ ਮੰਨ ਲਏ ਸਨ ("ਮੁਕੱਦਮਾ ਨਾ ਲੜ੍ਹਨਾ" ਸਮੇਤ) ਜਾਂ ਪਾਗਲਪਣ ਦੇ ਕਾਰਨ ਕਰਕੇ ਦੋਸ਼ੀ ਨਹੀਂ ਪਾਇਆ ਗਿਆ ਸੀ: ☐ ਹਾਂ ☐ ਨਹੀਂ

ਇਸ ਫ਼ਾਰਮ ਦੇ ਪਹਿਲਾਂ ਵਾਲੇ ਸੰਸਕਰਣ ਪ੍ਰਚਲਣ ਵਿੱਚ ਨਹੀਂ ਹਨ।

| | |
|---|---|
| • ਕਿਸੇ ਅਗਨੀ-ਸ਼ਸਤਰ ਜਾਂ ਕਿਸੇ ਦੂਸਰੇ ਹਥਿਆਰ ਨੂੰ ਗੈਰ ਕਾਨੂੰਨੀ ਤੌਰ 'ਤੇ ਰੱਖਣਾ, ਇਸਦਾ ਇਸਤੇਮਾਲ, ਵਿੱਕਰੀ, ਨਿਰਮਾਣ, ਖ਼ਰੀਦ, ਵੰਡ ਜਾਂ ਲੈਣ-ਦੇਣ;<br>• ਲੁੱਟ-ਖੋਹ;<br>• ਬੇਇਮਾਨੀ, ਧੋਖਾਧੜੀ, ਜਾਂ ਗ਼ਲਤ ਪੇਸ਼ਕਾਰੀ, ਇਸ ਵਿੱਚ ਪਛਾਣ ਸੰਬੰਧੀ ਧੋਖਾਧੜੀ ਅਤੇ ਪੈਸੇ ਦਾ ਹੇਰ-ਫੇਰ ਸ਼ਾਮਲ ਹੈ (ਸਿਵਾਏ ਭਲਾਈ ਸੰਬੰਧੀ ਧੋਖਾਧੜੀ ਅਤੇ ਗ਼ਲਤ ਚੈੱਕ ਦੇਣ ਦੇ);<br>• ਰਿਸ਼ਵਤਖੋਰੀ;<br>• ਤੱਸਕਰੀ;<br>• ਇਮੀਗ੍ਰੇਸ਼ਨ ਸੰਬੰਧੀ ਉਲੰਘਣਾਵਾਂ; | • ਕਿਸੇ ਪ੍ਰਤੀਬੰਧਿਤ ਪਦਾਰਥ ਦੀ ਵੰਡ, ਇਸਨੂੰ ਵੰਡਣ ਦੇ ਮੰਤਵ ਨਾਲ ਆਪਣੇ ਕੋਲ ਰੱਖਣਾ ਜਾਂ ਇਸਦਾ ਆਯਾਤ;<br>• ਅੱਗਜਣੀ;<br>• ਅਪਹਰਨ ਕਰਨਾ ਜਾਂ ਬੰਦੀ ਬਣਾਉਣਾ<br>• ਬਲਾਤਕਾਰ ਜਾਂ ਭੜਕਾਓ ਯੌਨ ਦੁਰਵਿਹਾਰ<br>• ਜਾਨ ਤੋਂ ਮਾਰ ਦੇਣ ਦੀ ਨੀਯਤ ਨਾਲ ਹਮਲਾ;<br>• ਡਕੈਤੀ<br>• ਕਿਸੇ ਸਮੁੰਦਰੀ ਬੰਦਰਗਾਹ ਵਿੱਚ ਧੋਖੇ ਨਾਲ ਪ੍ਰਵੇਸ਼;<br>• ਰੀਕੋ (RICO); ਜਾਂ<br>• ਭਾਗ B3 ਵਿੱਚ ਦਿੱਤੇ ਅਪਰਾਧ ਕਰਨ ਦੀ ਸਾਜਿਸ਼ ਜਾਂ ਕੋਸ਼ਿਸ਼। |

| | |
|---|---|
| 4. ਪਿਛਲੇ **5** ਸਾਲਾਂ ਵਿੱਚ, ਮੈਨੂੰ ਭਾਗ B3 ਵਿੱਚ ਦਿੱਤੇ ਕਿਸੇ ਸੰਗੀਨ ਜੁਰਮ ਵਿੱਚ ਦੋਸ਼ ਸਿੱਧ ਕੀਤੇ ਜਾਣ ਤੋਂ ਬਾਅਦ ਜੇਲ੍ਹ ਤੋਂ ਰਿਹਾ ਕੀਤਾ ਗਿਆ ਸੀ। | ☐ ਹਾਂ ☐ ਨਹੀਂ |
| 5. ਭਾਗ B1 ਤੋਂ ਲੈ ਕੇ B3 ਵਿੱਚ ਦਿੱਤੇ ਕਿਸੇ ਸੰਗੀਨ ਜੁਰਮ ਵਿੱਚ ਕਿਸੇ ਅਸੈਨਿਕ ਜਾਂ ਸੈਨਿਕ ਅਦਾਲਤ ਦਵਾਰਾ ਮੈਨੂੰ ਲੱਭਿਆ ਜਾ ਰਿਹਾ ਹੈ ਮੈਂ ਲੋੜੀਂਦਾ ਹਾਂ ਜਾਂ ਅਭਿਯੋਗ ਹੇਠ ਹਾਂ। | ☐ ਹਾਂ ☐ ਨਹੀਂ |
| 6. ਕਿਸੇ ਅਸੈਨਿਕ ਜਾਂ ਸੈਨਿਕ ਅਦਾਲਤ ਨੂੰ ਮੇਰੇ ਅੰਦਰ ਮਾਨਸਿਕ ਸਮਰੱਥਾ ਦੀ ਕਮੀ ਮਿਲੀ ਹੈ ਜਾਂ ਫਿਰ ਮੈਨੂੰ ਮੇਰੀ ਇੱਛਾ ਦੇ ਵਿਪਰੀਤ ਮਾਨਸਿਕ ਸਿਹਤ ਵਾਲੇ ਕਿਸੇ ਵਿੱਚ ਕੇਂਦਰ ਵਿੱਚ ਭੇਜ ਦਿੱਤਾ ਗਿਆ ਹੈ। | ☐ ਹਾਂ ☐ ਨਹੀਂ |
| **ਨੋਟ:** ਜੇਕਰ ਤੁਸੀਂ ਭਾਗ B2 ਤੋਂ B6 ਵਿੱਚ ਦਿੱਤੇ ਗਏ ਅਪਰਾਧ/ਸੰਗੀਨ ਜੁਰਮਾਂ ਵਿੱਚੋਂ ਕਿਸੇ ਲਈ ਵੀ "ਹਾਂ" ਵਿੱਚ ਉੱਤਰ ਦਿੱਤਾ ਹੈ, ਤਾਂ ਤੁਸੀਂ ਇੱਕ ਛੋਟ ਲੈਣ ਦੀ ਯੋਗਤਾ ਪੂਰੀ ਕਰਦੇ ਹੋ ਅਤੇ ਤੁਹਾਨੂੰ ਸ਼ਾਇਦ ਅਜੇ ਵੀ ਇੱਕ TWIC ਜਾਰੀ ਕੀਤਾ ਜਾ ਸਕਦਾ ਹੈ। ਜੇਕਰ ਸ਼ੁਰੂ ਵਿੱਚ ਤੁਹਾਨੂੰ TWIC ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ, ਤਾਂ ਕੀ ਤੁਹਾਡੀ ਛੋਟ ਲਈ ਅਰਜ਼ੀ ਦੇਣ ਦੀ ਯੋਜਨਾ ਹੈ? | ☐ ਹਾਂ ☐ ਨਹੀਂ |
| 7. ਮੈਂ ਸਮਝਦਾ ਹਾਂ ਕਿ ਮੈਨੂੰ ਆਪਣਾ TWIC, ਪਰਿਚੈ-ਪੱਤਰ 'ਤੇ ਦਿੱਤੇ ਪਤੇ 'ਤੇ ਵਾਪਸ ਕਰ ਦੇਣਾ ਪਵੇਗਾ ਜੇਕਰ:<br>• ਭਾਗ B1 ਤੋਂ B3 ਵਿੱਚ ਦਿੱਤੇ ਕਿਸੇ ਸੰਗੀਨ ਜੁਰਮ ਵਿੱਚ, ਮੈਂ ਲੋੜੀਂਦਾ ਹਾਂ, ਮੈਂ ਅਭਿਯੋਗ ਹੇਠ ਹਾਂ, ਉਮੇਰੇ 'ਤੇ ਦੋਸ਼ ਸਿੱਧ ਹੋਏ ਹਨ, ਜਾਂ ਮੈਨੂੰ ਪਾਗਲਪਣ ਦੇ ਕਾਰਨ ਕਰਕੇ ਦੋਸ਼ੀ ਨਹੀਂ ਪਾਇਆ ਗਿਆ ਹੈ;<br>• ਮੈਨੂੰ ਮਾਨਸਿਕ ਸਮਰੱਥਾ ਦੀ ਕਮੀ ਵਾਲਾ ਪਾਇਆ ਗਿਆ ਹੈ ਜਾਂ ਮੇਰੀ ਇੱਛਾ ਦੇ ਵਿਪਰੀਤ ਮਾਨਸਿਕ ਸਿਹਤ ਸੰਬੰਧੀ ਕਿਸੇ ਕੇਂਦਰ ਵਿੱਚ ਭੇਜਿਆ ਗਿਆ ਹੈ; ਜਾਂ<br>• ਮੈਂ ਹੁਣ ਇਮੀਗ੍ਰੇਸ਼ਨ ਦੇ ਉਹਨਾਂ ਮਿਆਰਾਂ ਨੂੰ ਪੂਰਾ ਨਹੀਂ ਕਰਦਾ ਜੋ ਭਾਗ A5 ਵਿੱਚ "ਹਾਂ" ਉੱਤਰ ਦੁਆਰਾ ਦਰਸਾਏ ਗਏ ਹਨ। | ☐ ਹਾਂ ☐ ਨਹੀਂ |

## ਸੈਕਸ਼ਨ 2 ਪ੍ਰਮਾਣੀਕਰਣ

ਕਿਰਪਾ ਕਰਕੇ ਇਸ ਫ਼ਾਰਮ ਵਿੱਚ ਦਿੱਤੇ ਗਏ ਉੱਤਰਾਂ ਦੀ ਸਮੀਖਿਆ ਕਰੋ ਅਤੇ ਮਿਤੀ ਸਹਿਤ ਆਪਣਾ ਨਾਮ ਛਾਪ ਕੇ ਅਤੇ ਦਸਤਖਤ ਕਰਕੇ ਇਹਨਾਂ ਦੀ ਪੁਸ਼ਟੀ ਕਰੋ। ਜੇਕਰ ਮਦਦ/ਅਨੁਵਾਦ ਸੰਬੰਧੀ ਸਹਾਇਤਾ ਦਿੱਤੀ ਜਾਂਦੀ ਹੈ, ਤਾਂ ਫਾਲੋ-ਅੱਪ (ਅਨੁਸਰਨ) ਦੀ ਜ਼ਰੂਰਤ ਹੋਣ 'ਤੇ ਸਹਾਇਕ/ਅਨੁਵਾਦਕ ਨਾਲ ਸੰਪਰਕ ਸੰਬੰਧੀ ਜਾਣਕਾਰੀ ਦੀ ਲੋੜ ਹੁੰਦੀ ਹੈ। **ਬਿਨੈਕਾਰਾਂ ਅਤੇ ਸਹਾਇਕਾਂ/ਅਨੁਵਾਦਕਾਂ ਲਈ, ਜਾਣਬੁੱਝ ਕੇ ਅਤੇ ਆਪਣੀ ਮਰਜ਼ੀ ਨਾਲ ਝੂਠਾ ਬਿਆਨ ਦੇਣ ਜਾਂ ਇਸ ਫ਼ਾਰਮ ਵਿੱਚ ਦਿੱਤੇ ਗਏ ਕਿਸੇ ਠੋਸ ਤੱਥ ਨੂੰ ਹਟਾਉਣ ਦੇ ਸਿੱਟੇ ਵਜੋਂ ਜੁਰਮਾਨਾ ਜਾਂ ਕੈਦ ਜਾਂ ਦੋਵੇਂ (18 U.S.C. 1001 ਵੇਖੋ) ਹੋ ਸਕਦੇ ਹਨ ਅਤੇ ਇਹ ਇੱਕ TWIC ਦੇਣ ਤੋਂ ਇਨਕਾਰ ਕੀਤੇ ਜਾਣ ਦੇ ਆਧਾਰ ਬਣ ਸਕਦੇ ਹਨ।**

| | |
|---|---|
| **ਬਿਨੈਕਾਰ:** ਮੇਰੇ ਦੁਆਰਾ ਇਸ ਫ਼ਾਰਮ 'ਤੇ ਦਿੱਤੀ ਗਈ ਜਾਣਕਾਰੀ ਮੇਰੀ ਸਭ ਤੋਂ ਸਹੀ ਜਾਣਕਾਰੀ ਅਤੇ ਵਿਸ਼ਵਾਸ ਅਨੁਸਾਰ ਸੱਚੀ, ਪੂਰੀ ਅਤੇ ਸਹੀ ਹੈ ਅਤੇ ਚੰਗੇ ਵਿਸ਼ਵਾਸ ਨਾਲ ਦਿੱਤੀ ਗਈ ਹੈ।<br><br>_______________<br>*TWIC ਬਿਨੈਕਾਰ ਦਾ ਛਪਿਆ ਨਾਮ*<br><br>_______________<br>*TWIC ਬਿਨੈਕਾਰ ਦੇ ਦਸਤਖਤ* *ਮਿਤੀ* | **ਸਹਾਇਕ/ਅਨੁਵਾਦਕ:** ਮੈਂ ਤਸਦੀਕ ਕਰਦਾ/ਕਰਦੀ ਹਾਂ ਕਿ ਮੈਂ ਨਾਂਮਿਤ ਬਿਨੈਕਾਰ ਦੀ ਬੇਨਤੀ 'ਤੇ ਇਸ ਫ਼ਾਰਮ ਨੂੰ ਭਰਨ ਵਿੱਚ ਸਹਾਇਤਾ ਕੀਤੀ ਸੀ; ਦਿੱਤੇ ਗਏ ਉੱਤਰ ਉਸ ਜਾਣਕਾਰੀ 'ਤੇ ਅਧਾਰਤ ਹਨ ਜਿਸ ਬਾਰੇ ਮੈਨੂੰ ਗਿਆਨ ਹੈ ਜਾਂ ਜੋ ਬਿਨੈਕਾਰ ਦੁਆਰਾ ਮੈਨੂੰ ਦਿੱਤੀ ਗਈ ਸੀ; ਅਤੇ ਬਿਨੈਕਾਰ ਦੁਆਰਾ ਮੇਰੀ ਹਾਜ਼ਰੀ ਵਿੱਚ ਅਰਜ਼ੀ 'ਤੇ ਦਸਤਖਤ ਕੀਤੇ ਜਾਣ ਤੋਂ ਪਹਿਲਾਂ ਮੈਂ ਇਸਦੀ ਤਸਦੀਕ ਲਈ ਭਰਿਆ ਹੋਇਆ ਫ਼ਾਰਮ ਬਿਨੈਕਾਰ ਨੂੰ ਉਸ ਭਾਸ਼ਾ ਵਿੱਚ ਪੜ੍ਹ ਕੇ ਸੁਣਾ ਦਿੱਤਾ ਹੈ ਜਿਸ ਨੂੰ ਉਹ ਪ੍ਰਵਾਹ ਨਾਲ ਬੋਲਦਾ/ਬੋਲਦੀ ਹੈ।<br><br>_______________<br>*ਸਹਾਇਕ/ਅਨੁਵਾਦਕ ਦਾ ਛਪਿਆ ਨਾਮ*<br>_______________<br>*ਸਹਾਇਕ/ਅਨੁਵਾਦਕ ਦੇ ਦਸਤਖਤ* *ਮਿਤੀ*<br>_______________<br>*ਦਿਨ ਦੇ ਸਮੇਂ ਦਾ ਟੈਲੀਫ਼ੋਨ ਨੰਬਰ*<br>_______________<br>*ਪਤਾ* *ਅਪਾਰਟਮੈਂਟ #*<br>_______________<br>*ਸ਼ਹਿਰ, ਰਾਜ, ਜ਼ਿੱਪ ਕੋਡ* |

**<u>ਗੁਪਤਤਾ ਅਧਿਨਿਯਮ ਸੰਬੰਧੀ ਬਿਆਨ:</u> ਅਖਤਿਆਰ:** ਇਸ ਜਾਣਕਾਰੀ ਨੂੰ ਇਕੱਠਾ ਕਰਨ ਦੀ ਅਖਤਿਆਰੀ ਸ਼ਕਤੀ 49 U.S.C.114, 40113, ਅਤੇ 5103a ਹੈ। **ਮੁੱਖ ਉਦੇਸ਼:** ਇਸ ਜਾਣਕਾਰੀ ਦੀ ਲੋੜ ਤੁਹਾਡੀ ਪਛਾਣ ਦੀ ਤਸਦੀਕ ਕਰਨ ਲਈ ਅਤੇ ਕਿਸੇ TWIC ਲਈ ਤੁਹਾਡੀ ਅਨੁਕੂਲਤਾ ਦਾ ਮੁਲਾਂਕਣ ਕਰਨ ਲਈ ਸੁਰੱਖਿਆ ਨੂੰ ਖ਼ਤਰੇ ਦਾ ਇੱਕ ਮੁਲਾਂਕਣ ਕਰਨ ਲਈ ਹੁੰਦੀ ਹੈ। ਇਸ ਜਾਣਕਾਰੀ ਨੂੰ ਜਮ੍ਹਾਂ ਕਰਵਾਉਣਾ, ਜਿਸ ਵਿੱਚ ਤੁਹਾਡਾ SSN ਜਾਂ ਏਲੀਅਨ (ਵਿਦੇਸ਼ੀ) ਰਜਿਸਟਰੇਸ਼ਨ ਨੰਬਰ ਸ਼ਾਮਲ ਹੁੰਦਾ ਹੈ, ਸਵੈ-ਇੱਛਤ ਹੈ; ਪਰ ਇਸਨੂੰ ਮੁਹੱਈਆ ਕਰਵਾਉਣ ਵਿੱਚ ਅਸਫਲ ਰਹਿਣ ਦੇ ਸਿੱਟੇ ਵਜੋਂ ਸੁਰੱਖਿਆ ਨੂੰ ਖ਼ਤਰੇ ਸੰਬੰਧੀ ਤੁਹਾਡੇ ਮੁਲਾਂਕਣ ਵਿੱਚ ਦੇਰੀ ਹੋਵੇਗੀ ਅਤੇ ਇਹ ਸ਼ਾਇਦ ਇਸਨੂੰ ਪੂਰਾ ਹੋਣ ਤੋਂ ਰੋਕ ਸਕਦਾ ਹੈ। ਉਹਨਾਂ ਵਿਅਕਤੀਆਂ ਲਈ ਜੋ ਨਾਵਿਕ ਹਨ ਜਾਂ ਬਣਨ ਲਈ ਅਰਜ਼ੀ ਦੇ ਰਹੇ ਹਨ, SSN ਦੇਣਾ ਲਾਜ਼ਮੀ ਹੈ ਜਾਂ ਫਿਰ ਅਰਜ਼ੀ ਪੂਰੀ ਹੋਣ ਤੋਂ ਪਹਿਲਾਂ ਇਹ ਜਾਣਕਾਰੀ ਦੇਣ ਲਈ ਉਹਨਾਂ ਨੂੰ ਕੋਸਟ ਗਾਰਡ ਦੇ ਕਿਸੇ ਪ੍ਰਾਦੇਸ਼ਿਕ ਜਾਂਚ ਕੇਂਦਰ ਵਿਖੇ ਆਉਣਾ ਪਵੇਗਾ। **<u>ਰੁਟੀਨ ਵਰਤੋਂ</u>:** ਇਸ ਜਾਣਕਾਰੀ ਦੀ ਰੁਟੀਨ ਵਰਤੋਂ ਵਿੱਚ ਸ਼ਾਮਲ ਹੈ ਤੁਹਾਡਾ ਪਿਛਲਾ ਅਪਰਾਧਿਕ ਰਿਕਾਰਡ ਲੱਭਣ ਲਈ FBI ਕੋਲ ਇਸਦਾ ਖੁਲਾਸਾ ਕਰਨਾ; TSA ਠੇਕੇਦਾਰਾਂ ਜਾਂ ਦੂਸਰੇ ਏਜੰਟਾਂ ਨੂੰ ਦੇਣਾ ਜੋ ਸੁਰੱਖਿਆ ਨੂੰ ਖ਼ਤਰੇ ਸੰਬੰਧੀ ਮੁਲਾਕਣਾਂ ਨਾਲ ਜੁੜੀਆਂ ਸੇਵਾਵਾਂ ਮੁਹੱਈਆ ਕਰਵਾ ਰਹੇ ਹਨ; ਲਾਇਸੈਂਸ ਦੇਣ, ਕਾਨੂੰਨ ਲਾਗੂ ਕਰਨ ਜਾਂ ਸੁਰੱਖਿਆ ਦੇ ਉਦੇਸ਼ਾਂ ਲਈ ਢੁਕਵੀਆਂ ਸਰਕਾਰੀ ਏਜੰਸੀਆਂ ਨੂੰ ਦੇਣਾ; ਜਾਂ ਰਾਸ਼ਟਰੀ ਸੁਰੱਖਿਆ ਦੇ ਹਿੱਤਾਂ ਵਿੱਚ; ਅਤੇ ਕਾਨੂੰਨ ਅਤੇ ਅੰਤਰਰਾਸ਼ਟੀ ਸਮਝੌਤੇ ਦੀ ਪਾਲਣਾ ਵਿੱਚ ਵਿਦੇਸ਼ੀ ਅਤੇ ਅੰਤਰ ਰਾਸ਼ਟਰੀ ਸਰਕਾਰੀ ਅਧਿਕਾਰੀਆਂ ਨੂੰ ਦੇਣਾ।

**<u>ਕਾਗਜ਼ੀ ਕੰਮ ਘਟਾਉਣ ਸੰਬੰਧੀ ਅਧਿਨਿਯਮ ਦਾ ਬਿਆਨ:</u>** ਜਨਤਕ ਬੋਝ ਦਾ ਬਿਆਨ: TSA ਇਹ ਜਾਣਕਾਰੀ TWIC ਲਈ ਤੁਹਾਡੀ ਯੋਗਤਾ ਦਾ ਨਿਰਧਾਰਣ ਕਰਨ ਲਈ ਇਕੱਠੀ ਕਰ ਰਹੀ ਹੈ। ਇਸ ਜਾਣਕਾਰੀ ਨੂੰ ਸਵੈ-ਇੱਛਕ ਤੌਰ 'ਤੇ ਇਕੱਠਾ ਕੀਤਾ ਜਾਂਦਾ ਹੈ ਪਰ ਜਾਣਕਾਰੀ ਦੇਣ ਵਿੱਚ ਅਸਫਲ ਰਹਿਣ ਦੇ ਸਿੱਟੇ ਵਜੋਂ ਤੁਸੀਂ TWIC ਲਈ ਆਪਣੀ ਯੋਗਤਾ ਨੂੰ ਪ੍ਰਵਾਨਿਤ ਕਰਵਾਉਣ ਵਿੱਚ ਅਸਮਰਥ ਹੋ ਸਕਦੇ ਹੋ। TSA ਦਾ ਅਨੁਮਾਨ ਹੈ ਕਿ ਦਾਖਲੇ ਲਈ ਇਹ ਜਾਣਕਾਰੀ ਇਕੱਠੀ ਕਰਨ ਨਾਲ ਜੁੜਿਆ ਕੁੱਲ ਔਸਤ ਬੋਝ ਪ੍ਰਤੀ ਉੱਤਰ ਲਗਭਗ 90 ਮਿੰਟ ਹੈ। ਕੋਈ ਏਜੰਸੀ, ਜਾਣਕਾਰੀ ਦਾ ਅਜਿਹਾ ਸੰਗ੍ਰਹਿ ਚਲਾ ਜਾਂ ਪ੍ਰਾਯੋਜਿਤ ਨਹੀਂ ਕਰ ਸਕਦੀ, ਅਤੇ ਕਿਸੇ ਵਿਅਕਤੀ ਨੂੰ ਇਸ ਦਾ ਉੱਤਰ ਦੇਣ ਦੀ ਲੋੜ ਨਹੀਂ ਹੁੰਦੀ, ਜਦ ਤਕ ਕਿ ਇਸਦੇ ਉੱਪਰ ਇੱਕ ਵੈਧ OMB ਕੰਟਰੋਲ ਨੰਬਰ ਨਾ ਦਰਸ਼ਾਇਆ ਗਿਆ ਹੋਵੇ। ਇਸ ਸੰਗ੍ਰਹਿ ਨੂੰ ਦਿੱਤਾ ਗਿਆ ਕੰਟਰੋਲ ਨੰਬਰ ਹੈ OMB 1652-0047 ਜਿਸਦੀ ਮਿਆਦ 7/31/2011 ਨੂੰ ਖ਼ਤਮ ਹੁੰਦੀ ਹੈ।

ਇਸ ਫ਼ਾਰਮ ਦੇ ਪਹਿਲਾਂ ਵਾਲੇ ਸੰਸਕਰਣ ਪ੍ਰਚਲਣ ਵਿੱਚ ਨਹੀਂ ਹਨ।

**ਮੈਂ ਕੋਈ ਸੰਯੁਕਤ ਰਾਜ ਦਾ ਨਾਗਰਿਕ ਜਾਂ ਵਸਨੀਕ ਨਹੀਂ ਹਾਂ, ਪਰ ਹੇਠਾਂ ਦਿੱਤੀ ਗਈ ਕਿਸੇ ਸ਼੍ਰੇਣੀ ਵਿੱਚ ਆਉਂਦਾ ਹਾਂ ਜੋ ਮੈਨੂੰ ਇੱਕ TWIC ਰੱਖਣ ਦੀ ਇਜਾਜ਼ਤ ਦਿੰਦੀ ਹੈ।**

1. ਸੰਯੁਕਤ ਰਾਜ ਦਾ ਕਾਨੂੰਨਨ ਸਥਾਈ ਵਾਸੀ।
2. 8 U.S.C. 1157 ਅਧੀਨ ਦਾਖ਼ਲ ਕੀਤਾ ਗਿਆ ਸ਼ਰਨਾਰਥੀ।
3. 8 U.S.C. 1158 ਅਧੀਨ ਸ਼ਰਨ ਮੰਜੂਰ ਕੀਤਾ ਗਿਆ ਵਿਦੇਸ਼ੀ।
4. ਵੈਧ N-1 ਗੈਰ ਪ੍ਰਵਾਸੀ ਦਰਜੇ ਵਾਲਾ ਵਿਦੇਸ਼ੀ, ਜੋ ਯੂਐਸ ਮਰਚੈਂਟ ਮੈਰਾਈਨ ਅਕੈਡਮੀ ਜਾਂ ਇਸਦੇ ਬਰਾਬਰ ਦੀ ਕਿਸੇ ਪ੍ਰਾਦੇਸ਼ਿਕ ਸਮੁੰਦਰੀ ਜਹਾਜ਼ ਰਾਹੀਂ ਵਪਾਰ ਸੰਬੰਧੀ ਅਕਾਦਮੀ ਵਿੱਚ ਦਾਖ਼ਲ ਹੈ।
5. ਮਾਈਕਰੋਨੇਸ਼ੀਆ, ਮਾਰਸ਼ਲ ਦੀਪਾਂ, ਜਾਂ ਪਲਾਊ ਦਾ ਨਾਗਰਿਕ।
6. ਵਪਾਰਕ ਡ੍ਰਾਈਵਰ ਜਿਸਨੂੰ ਕੈਨੇਡਾ ਜਾਂ ਮੈਕਸਿਕੋ ਵਿੱਚ ਖ਼ਤਰਨਾਕ ਸਮਾਨ ਢੋਣ ਦਾ ਲਾਇਸੈਂਸ ਮਿਲਿਆ ਹੋਇਆ ਹੈ ਜਾਂ ਫਿਰ 8 CDR 214.2(b)(4)(i)(E) ਤਹਿਤ ਵਪਾਰ ਚਲਾਉਣ ਲਈ ਸੰਯੁਕਤ ਰਾਜ ਵਿੱਚ ਦਾਖ਼ਲ ਕੀਤਾ ਗਿਆ ਹੈ।
7. ਸੰਯੁਕਤ ਰਾਜ ਵਿੱਚ ਕੰਮ ਕਰਨ ਦੇ *ਗੈਰ-ਪ੍ਰਤਿਬੰਧਿਤ* ਅਖਤਿਆਰ ਵਾਲਾ ਕੋਈ ਵਿਦੇਸ਼ੀ, ਜਿਸ ਕੋਲ ਹੇਠਾਂ ਦੱਸਿਆਂ ਵਿੱਚੋਂ ਕੋਈ ਇੱਕ ਵੀਜ਼ਾ ਹੋਵੇ:
   - A-1: ਕਿਸੇ ਰਾਜਦੂਤ, ਪਬਲਿਕ ਮਿਨਿਸਟਰ, ਕੈਰੀਅਰ ਡਿਪਲੋਮੈਟ, ਕਾਨਸੂਲਰ ਆਫ਼ਿਸਰ, ਰਾਜ ਦੇ ਮੁਖੀ ਦੇ ਤਤਕਾਲੀ ਪਰਿਵਾਰਕ ਮੈਂਬਰ, ਜਿਨ੍ਹਾਂ ਲਈ ਇੱਕ ਦੋ-ਤਰਫਾ ਸਮਝੌਤਾ ਹੋਂਦ ਵਿੱਚ ਹੋਵੇ;
   - A-2: ਸੰਯੁਕਤ ਰਾਜ ਵਿੱਚ ਆਉਣ ਵਾਲੇ ਦੂਸਰੇ ਵਿਦੇਸ਼ੀ ਸਰਕਾਰੀ ਅਧਿਕਾਰੀਆਂ ਜਾਂ ਕਰਮਚਾਰੀਆਂ ਜਿਨ੍ਹਾਂ ਵਿੱਚ A-1 ਦਾ ਤਕਨੀਕੀ ਅਤੇ ਸਹਾਇਕ ਸਟਾਫ ਸ਼ਾਮਲ ਹੈ, ਦੇ ਤਤਕਾਲੀ ਪਰਿਵਾਰਕ ਮੈਂਬਰ, ਜਿਨ੍ਹਾਂ ਲਈ ਇੱਕ ਦੋ-ਤਰਫ਼ਾ ਸਮਝੌਤਾ ਹੋਂਦ ਵਿੱਚ ਹੋਵੇ;
   - A-13: ਪਰਿਵਾਰਕ ਏਕਤਾ;
   - E-1: ਸੰਧੀ ਅਧੀਨ ਕਿਸੇ ਵਪਾਰੀ ਦੇ ਪਤੀ/ਪਤਨੀ ਅਤੇ ਨਿਰਭਰ ਬੱਚੇ;
   - E-2: ਸੰਧੀ ਅਧੀਨ ਨਿਵੇਸ਼ ਕਰਨ ਵਾਲੇ ਦੇ ਪਤੀ/ਪਤਨੀ ਜਾਂ ਸੰਧੀ ਅਧੀਨ ਨਿਵੇਸ਼ ਕਰਨ ਵਾਲੇ ਕਿਸੇ ਪਤੀ/ਪਤਨੀ ਦਾ ਕਰਮਚਾਰੀ;
   - G-1: ਅੰਤਰਰਾਸ਼ਟਰੀ ਸੰਗਠਨ ਅਤੇ ਸਟਾਫ਼ ਦੇ ਮਾਨਤਾ ਪ੍ਰਾਪਤ ਵਿਦੇਸ਼ੀ ਮੈਂਬਰ ਸਰਕਾਰ ਦੇ ਕਿਸੇ ਪ੍ਰਮੁੱਖ ਵਸਨੀਕ ਪ੍ਰਤੀਨਿੱਧ ਦਾ ਤਤਕਾਲੀ ਪਰਿਵਾਰਕ ਮੈਂਬਰ, ਜਿਸ ਲਈ ਇਕ ਦੋ-ਤਰਫ਼ਾ ਸਮਝੌਤਾ ਹੋਂਦ ਵਿੱਚ ਹੋਵੇ;
   - G-3: ਅੰਤਰ ਰਾਸ਼ਟਰੀ ਸੰਗਠਨ ਦੇ ਕਿਸੇ ਗੈਰ ਮਾਨਤਾ ਪ੍ਰਾਪਤ ਜਾਂ ਗੈਰ ਮੈਂਬਰ ਵਿਦੇਸ਼ੀ ਸਰਕਾਰ ਦੇ ਕਿਸੇ ਪ੍ਰਤੀਨਿੱਧ ਦਾ ਤਤਕਾਲੀ ਪਰਿਵਾਰਕ ਮੈਂਬਰ, ਜਿਸ ਲਈ ਇੱਕ ਦੋ-ਤਰਫਾ ਸਮਝੌਤਾ ਹੋਂਦ ਵਿੱਚ ਹੋਵੇ;
   - G-4: ਸਮਝੌਤੇ ਤਹਿਤ ਕਿਸੇ ਅੰਤਰ ਰਾਸ਼ਟਰੀ ਸੰਗਠਨ ਦੇ ਅਧਿਕਾਰੀ ਜਾਂ ਕਰਮਚਾਰੀ ਦਾ ਕੋਈ ਤਤਕਾਲੀ ਪਰਿਵਾਰਕ ਮੈਂਬਰ;
   - J-2: ਅਦਲਾ ਬਦਲੀ ਤਹਿਤ ਆਉਣ ਵਾਲੇ ਮੁਲਾਕਾਤੀ ਦਾ ਪਤੀ/ਪਤਨੀ ਜਾਂ ਨਾਬਾਲਿਗ ਬੱਚਾ
   - K-3: ਸੰਯੁਕਤ ਰਾਜ ਦੇ ਨਾਗਰਿਕ ਦਾ ਪਤੀ/ਪਤਨੀ (ਜੀਵਨ ਅਧਿਨਿਯਮ ਦੀਆਂ ਧਾਰਾਵਾਂ ਤਹਿਤ);
   - K-4: K-3 ਦਾ ਬੱਚਾ
   - L-2: L-1 ਦਾ ਪਤੀ/ਪਤਨੀ ਜਾਂ ਬੱਚਾ;
   - N-8: SK-3 "ਵਿਸ਼ੇਸ਼ ਪ੍ਰਵਾਸੀ" ਵਜੋਂ ਵਰਗੀਕ੍ਰਿਤ ਕੀਤੇ ਗਏ ਵਿਦੇਸ਼ੀ ਦੀ ਮਾਤਾ/ਪਿਤਾ;
   - N-9: N-8, SK-1, SK-2, ਜਾਂ SK-4 "ਵਿਸ਼ੇਸ਼ ਪ੍ਰਵਾਸੀ" ਦਾ ਬੱਚਾ;
   - ਵੀਜ਼ੇ ਦੀਆਂ ਹੇਠਾਂ ਦਿੱਤੀਆਂ ਕਿਸਮਾਂ ਲਈ ਸਮਝੌਤੇ ਦੀ ਹੋਂਦ ਸਮੇਤ ਨੌਰਥ ਅਟਲਾਂਟਿਕ ਟ੍ਰੀਟੀ ਆਰਗੇਨਾਈਜ਼ੇਸ਼ਨ (ਨਾਟੋ) ਦੇ ਅਧਿਕਾਰੀਆਂ ਅਤੇ ਪ੍ਰਤੀਨਿਧਾਂ ਦੇ ਤਤਕਾਲੀ ਪਰਿਵਾਰਕ ਮੈਂਬਰ:
     -ਨਾਟੋ-1
     -ਨਾਟੋ-2
     -ਨਾਟੋ-3
     -ਨਾਟੋ-4
     -ਨਾਟੋ-5
     -ਨਾਟੋ-6
   - S-7: ਗਵਾਹ ਜਾਂ ਮੁਖਬਿਰ ਦਾ ਪਤੀ/ਪਤਨੀ, ਅਣਵਿਆਹੇ ਬੇਟੇ ਜਾਂ ਬੇਟੀਆਂ ਅਤੇ ਮਾਤਾ/ਪਿਤਾ;
   - T-1: ਕਿਸੇ ਗੰਭੀਰ ਕਿਸਮ ਦੀ ਮਨੁੱਖੀ ਤੱਸਕਰੀ ਦਾ ਪੀੜਿਤ;
   - T-2: ਕਿਸੇ ਗੰਭੀਰ ਕਿਸਮ ਦੀ ਮਨੁੱਖੀ ਤੱਸਕਰੀ ਦਾ ਪੀੜਿਤ ਦਾ ਪਤੀ/ਪਤਨੀ;
   - T-3: ਕਿਸੇ ਗੰਭੀਰ ਕਿਸਮ ਦੀ ਮਨੁੱਖੀ ਤੱਸਕਰੀ ਦੇ ਪੀੜਿਤ ਦਾ ਬੱਚਾ;
   - T-4: ਕਿਸੇ ਗੰਭੀਰ ਕਿਸਮ ਦੀ ਮਨੁੱਖੀ ਤੱਸਕਰੀ ਦੇ ਪੀੜਿਤ ਦਾ ਮਾਤਾ/ਪਿਤਾ (ਜੇਕਰ T-1 ਦੀ ਉਮਰ 21 ਸਾਲ ਤੋਂ ਘੱਟ ਹੈ);
   - T-5: 21 ਸਾਲ ਤੋਂ ਘੱਟ ਉਮਰ ਦੇ T-1 ਦਾ 18 ਸਾਲ ਤੋਂ ਘੱਟ ਉਮਰ ਦਾ ਕੁਆਰਾ ਭੈਣ/ਭਰਾ;
   - U-1: ਕਿਸੇ ਵਿਸ਼ੇਸ਼ ਅਪਰਾਧਿਕ ਗਤੀਵਿਧੀ ਦਾ ਸ਼ਿਕਾਰ ਵਿਅਕਤੀ;
   - U-2: U-1 ਦਾ ਪਤੀ/ਪਤਨੀ;
   - U-3: U-1 ਦਾ ਬੱਚਾ;
   - U-4: U-1 ਦਾ ਮਾਤਾ/ਪਿਤਾ (ਜੇਕਰ U-1 ਦੀ ਉਮਰ 21 ਸਾਲ ਤੋਂ ਘੱਟ ਹੈ);
   - U-5: 21 ਸਾਲ ਤੋਂ ਘੱਟ ਉਮਰ ਦੇ ਕਿਸੇ U-1 ਦਾ 18 ਸਾਲ ਤੋਂ ਘੱਟ ਉਮਰ ਦਾ ਕੁਆਰਾ ਭੈਣ/ਭਰਾ
   - V-1: ਕਿਸੇ LPR ਦਾ ਪਤੀ/ਪਤਨੀ, ਜੋ ਕਿਸੇ ਪਰਵਾਰ ਅਧਾਰਤ ਪਟੀਸ਼ਨ ਦਾ ਮੁੱਖ ਲਾਭਪਾਤਰ ਹੈ ਜੋ ਦਸੰਬਰ 21, 2000 ਤੋਂ ਪਹਿਲਾਂ ਦਾਇਰ ਕੀਤੀ ਗਈ ਸੀ ਅਤੇ ਘੱਟੋ-ਘੱਟ 3 ਸਾਲਾਂ ਤੋਂ ਲੰਬਿਤ ਪਈ ਹੈ;
   - V-2: ਕਿਸੇ LPR ਦਾ ਬੱਚਾ, ਜੋ ਕਿਸੇ ਪਰਿਵਾਰ ਅਧਾਰਤ ਵੀਜ਼ਾ ਪਟੀਸ਼ਨ ਦਾ ਮੁੱਖ ਲਾਭਪਾਤਰ ਹੈ ਜੋ ਦਸੰਬਰ 21,2000 ਤੋਂ ਪਹਿਲਾਂ ਦਾਇਰ ਕੀਤੀ ਗਈ ਸੀ ਅਤੇ ਘੱਟੋ-ਘੱਟ 3 ਸਾਲਾਂ ਤੋਂ ਲੰਬਿਤ ਪਈ ਹੈ;
   - V-3: V-1 ਜਾਂ V-2 ਦਾ ਬੱਚਾ; *ਜਾਂ*
   - TPS: ਟੈਂਪੋਰੇਰੀ ਪ੍ਰੋਟੈਕਟਿਡ ਸਟੇਟਸ (TPS )।
8. ਸੰਯੁਕਤ ਰਾਜ ਵਿੱਚ ਕੰਮ ਕਰਨ ਦੇ *ਪ੍ਰਤੀਬੰਧਿਤ* ਅਖਤਿਆਰ ਵਾਲਾ ਵਿਦੇਸ਼ੀ, ਜਿਸ ਕੋਲ ਹੇਠਾਂ ਦੱਸਿਆਂ ਵਿੱਚੋਂ ਇੱਕ ਵੀਜ਼ਾਂ ਹੋਵੇ:
   - B1-OCS: ਬਿਜ਼ਨੇਸ ਵਿਜ਼ਿਟਰ/ਆਊਟਰ ਕਾਂਟੀਨੈਨਟਲ ਸ਼ੈਲਫ (OCS);
   - C-1/D: ਸੰਯੁਕਤ ਟ੍ਰਾਂਜ਼ਿਟ ਅਤੇ ਕ੍ਰਿਊਮੈਨ ਵੀਜ਼ਾ;
   - E-1 (ਪ੍ਰਿੰਸੀਪਲ): ਸੰਧੀ ਅਧੀਨ ਵਪਾਰੀ ਜਾਂ ਸੰਧੀ ਅਧੀਨ ਵਪਾਰੀ ਦਾ ਕਰਮਚਾਰੀ;
   - E-2 (ਪ੍ਰਿੰਸੀਪਲ): ਸੰਧੀ ਅਧੀਨ ਨਿਵੇਸ਼ਕ ਜਾਂ ਸੰਧੀ ਅਧੀਨ ਨਿਵੇਸ਼ਕ ਦਾ ਕਰਮਚਾਰੀ;
   - E-3: ਮਹਾਰਤ ਵਾਲੇ ਕੰਮ-ਧੰਦਿਆਂ ਵਿੱਚ ਲੱਗੇ ਹੋਏ ਆਸਟ੍ਰੇਲੀਆਈ ਨਾਗਰਿਕ ਜਿਨ੍ਹਾਂ ਵਿੱਚ ਪਤੀ/ਪਤਨੀ ਸ਼ਾਮਲ ਹਨ;
   - H-1B: ਵਿਸ਼ੇਸ਼ ਮਹਾਰਤ ਵਾਲੇ ਕੰਮ ਧੰਦੇ;
   - L-1A: ਕਾਰਜਕਾਰੀ, ਪ੍ਰਬੰਧਕੀ (ਕੰਪਨੀ ਅੰਦਰ ਹਸਤਾਂਤਰਨ);
   - L-1B: ਵਿਸ਼ੇਸ਼ ਗਿਆਨ ਰੱਖਣ ਵਾਲੇ ਪੇਸ਼ਾਵਰ;
   - M-3: ਕੈਨੇਡੀਅਨ ਜਾਂ ਮੈਕਸੀਕਨ ਘੁੰਮਣ-ਫਿਰਨ ਵਾਲਾ ਵਿਦਿਆਰਥੀ;
   - O-1A: ਵਿਗਿਆਨ, ਕਲਾ, ਵਿਦਿਆ, ਵਪਾਰਕ ਜਾਂ ਐਥਲੈਟਿਕ ਵਿੱਚ ਅਸਾਧਾਰਣ ਪ੍ਰਤਿਭਾ;
   - O-1B: ਮੋਸ਼ਨ ਪਿਕਚਰ ਅਤੇ/ਜਾਂ ਟੈਲੀਵਿਜ਼ਨ ਪੇਸ਼ਕਾਰੀਆਂ ਦੇ ਖੇਤਰ ਵਿੱਚ ਆਸਾਧਾਰਣ ਉਪਲਬਧੀ; *ਜਾਂ*
   - TN: ਕੈਨੇਡੀਅਨ ਅਤੇ ਮੈਕਸੀਕਨ ਵਪਾਰਕ ਵਿਅਕਤੀਆਂ ਲਈ ਵਪਾਰਕ ਵੀਜ਼ੇ, ਜੋ ਨੌਰਥ ਅਮੇਰੀਕਨ ਫਰੀ ਟ੍ਰੇਡ ਐਗਰੀਮੈਂਟ (ਉੱਤਰੀ ਅਮੇਰਿਕੀ ਮੁਕਤ ਵਪਾਰ ਸਮਝੌਤੇ) (NAFTA) ਤਹਿਤ ਪੇਸ਼ਾਵਰ ਗਤੀਵਿਧੀਆਂ ਵਿੱਚ ਰੁਝਣਾ ਚਾਹੁੰਦੇ ਹਨ।

***ਨੋਟ: ਕੰਮ ਦੇ ਗੈਰ ਪ੍ਰਤੀਬੰਧਿਤ ਅਖਤਿਆਰ ਵਾਲੇ ਹੇਠਾਂ ਦੱਸੀਆਂ ਕਿਸਮਾਂ ਦੇ ਵੀਜ਼ਿਆਂ ਨੂੰ TWIC ਹਾਸਲ ਕਰਨ ਦੀ ਇਜਾਜ਼ਤ ਨਹੀਂ ਹੁੰਦੀ:***

- S-5: ਅਪਰਾਧਿਕ ਸੰਗਠਨ ਦੀ ਜਾਣਕਾਰੀ ਦੇਣ ਵਾਲਾ ਮੁਖਬਿਰ;
- S-6: ਅੱਤਵਾਦ ਸੰਬੰਧੀ ਜਾਣਕਾਰੀ ਦੇਣ ਵਾਲਾ ਮੁਖਬਿਰ;
- K-1: ਸੰਯੁਕਤ ਰਾਜ ਦੇ ਨਾਗਰਿਕ ਦਾ/ਦੀ ਮੰਗੇਤਰ; *ਜਾਂ*
- K-2: K-1 ਦਾ ਨਾਬਾਲਿਗ ਬੱਚਾ।

ਇਸ ਫ਼ਾਰਮ ਦੇ ਪਹਿਲਾਂ ਵਾਲੇ ਸੰਸਕਰਣ ਪ੍ਰਚਲਣ ਵਿੱਚ ਨਹੀਂ ਹਨ।

**ਅਯੋਗ ਬਣਾਉਣ ਵਾਲੇ ਫੌਜਦਾਰੀ ਅਪਰਾਧ (49 C.F.R. 1572.103)**

*ਕਾਲਮ A*

***ਇਸ ਗੱਲ ਨੂੰ ਧਿਆਨ ਵਿੱਚ ਨਾ ਰੱਖਦੇ ਹੋਏ ਕਿ ਇਹ ਕਦੋਂ ਕੀਤਾ ਗਿਆ ਸੀ, ਹੇਠਾਂ ਦੱਸਿਆਂ ਵਿੱਚੋਂ ਕਿਸੇ ਸੰਗੀਨ ਜੁਰਮ ਵਿੱਚ ਦੋਸ਼ ਸਿੱਧੀ, ਅਯੋਗ ਬਣਾਉਂਦੀ ਹੈ ਅਤੇ ਬਿਨੈਕਾਰ ਛੋਟ ਲੈਣ ਲਈ ਯੋਗ ਨਹੀਂ ਹੈ :***

1. ਜਾਸੂਸੀ ਜਾਂ ਜਾਸੂਸੀ ਕਰਨ ਦੀ ਸਾਜਿਸ਼।
2. ਬਗਾਵਤ ਜਾਂ ਬਗਾਵਤ ਕਰਨ ਦੀ ਸਾਜਿਸ਼।
3. ਰਾਜਦ੍ਰੋਹ ਜਾਂ ਰਾਜਦ੍ਰੋਹ ਕਰਨ ਦੀ ਸਾਜਿਸ਼।
4. ਅੱਤਵਾਦ ਦਾ ਕੋਈ ਸੰਘੀ ਅਪਰਾਧ ਜਿਵੇਂ ਕਿ 18 U.S.C. 2332b(g), ਜਾਂ ਇਸਦੇ ਬਰਾਬਰ ਦੇ ਪ੍ਰਾਦੇਸ਼ਿਕ ਕਾਨੂੰਨ ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ, ਜਾਂ ਅਜਿਹਾ ਅਪਰਾਧ ਕਰਨ ਦੀ ਸਾਜਿਸ਼।

***ਇਸ ਗੱਲ ਨੂੰ ਧਿਆਨ ਵਿੱਚ ਨਾ ਰੱਖਦੇ ਹੋਏ ਕਿ ਇਹ ਕਦੋਂ ਕੀਤਾ ਗਿਆ ਸੀ, ਹੇਠਾਂ ਦੱਸਿਆਂ ਵਿੱਚੋਂ ਕਿਸੇ ਸੰਗੀਨ ਜੁਰਮ ਵਿੱਚ ਦੋਸ਼ ਸਿੱਧੀ, ਅਯੋਗ ਬਣਾਉਂਦੀ ਹੈ ਅਤੇ ਬਿਨੈਕਾਰ ਛੋਟ ਲੈਣ ਲਈ ਅਰਜ਼ੀ ਦੇ ਸਕਦਾ ਹੈ:***

5. ਕੋਈ ਅਪਰਾਧ ਜਿਸ ਵਿੱਚ ਢੋਅ-ਢੁਆਈ ਦੀ ਸੁਰੱਖਿਆ ਸੰਬੰਧੀ ਘਟਨਾ ਸ਼ਾਮਲ ਹੋਵੇ। ਢੋਅ-ਢੁਆਈ ਦੀ ਸੁਰੱਖਿਆ ਸੰਬੰਧੀ ਘਟਨਾ ਉਹ ਘਟਨਾ ਹੁੰਦੀ ਹੈ ਜਿਸਦੇ ਸਿੱਟੇ ਵਜੋਂ ਕਾਫੀ ਜਾਨੀ ਨੁਕਸਾਨ, ਵਾਤਾਵਰਨ ਨੂੰ ਨੁਕਸਾਨ, ਢੋਅ-ਢੁਆਈ ਪ੍ਰਣਾਲੀ ਵਿੱਚ ਰੁਕਾਵਟ ਜਾਂ ਕਿਸੇ ਵਿਸ਼ੇਸ਼ ਖੇਤਰ ਵਿੱਚ ਆਰਥਿਕ ਰੁਕਾਵਟ ਹੁੰਦੀ ਹੈ ਜਿਵੇਂ ਕਿ 46 U.S.C. 70101 ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ। ਮਦ "ਆਰਥਿਕ ਰੁਕਾਵਟ" ਵਿੱਚ ਕੰਮ ਦਾ ਰੁੱਕ ਜਾਣਾ ਜਾਂ ਕਰਮਚਾਰੀ ਨਾਲ ਜੁੜੀ ਅਜਿਹੀ ਕੋਈ ਦੂਸਰੀ ਕਾਰਵਾਈ ਨਹੀਂ ਆਉਂਦੀ, ਜਿਸਦਾ ਸੰਬੰਧ ਅੱਤਵਾਦ ਨਾਲ ਨਹੀਂ ਹੁੰਦਾ ਅਤੇ ਜੋ ਰੁਜ਼ਗਾਰਦਾਤਾ ਅਤੇ ਕਰਮਚਾਰੀ ਦੇ ਆਪਸੀ ਝਗੜੇ ਦਾ ਸਿੱਟਾ ਹੁੰਦੀ ਹੈ।
6. 49 U.S.C. 5124, ਜਾਂ ਇਸਦੇ ਬਰਾਬਰ ਦੇ ਕਿਸੇ ਪ੍ਰਾਦੇਸ਼ਿਕ ਕਾਨੂੰਨ ਤਹਿਤ ਕਿਸੇ ਖਤਰਨਾਕ ਸਮਾਨ ਦੀ ਅਣ-ਉਚਿਤ ਢੋਅ-ਢੁਆਈ।
7. ਕਿਸੇ ਵਿਸਫ਼ੋਟਕ ਪਦਾਰਥ ਜਾਂ ਵਿਸਫ਼ੋਟਕ ਉਪਕਰਨ ਨੂੰ ਗੈਰ ਕਾਨੂੰਨੀ ਤੋਰ 'ਤੇ ਰੱਖਣਾ, ਇਸਦਾ ਇਸਤੇਮਾਲ, ਵਿੱਕਰੀ, ਵੰਡ, ਨਿਰਮਾਣ, ਖ਼ਰੀਦ, ਪ੍ਰਾਪਤੀ, ਹਸਤਾਂਤਰਣ, ਸਮੁੰਦਰੀ ਜਹਾਜ਼ 'ਤੇ ਲਿਜਾਉਣਾ, ਢੋਅ-ਢੁਆਈ, ਆਯਾਤ, ਨਿਰਯਾਤ, ਭੰਡਾਰਣ ਜਾਂ ਲੈਣ ਦੇਣ। ਕਿਸੇ ਵਿਸਫੋਟਕ ਜਾਂ ਵਿਸਫੋਟਕ ਉਪਕਰਨ ਵਿੱਚ 18 U.S.C. 232(5), 841(c) ਤੋਂ 841(f) ਅਤੇ 844(j) ਵਿੱਚ ਪਰਿਭਾਸ਼ਿਤ ਕੀਤਾ ਗਿਆ ਕੋਈ ਵਿਸਫ਼ੋਟਕ ਪਦਾਰਥ ਜਾਂ ਵਿਸਫ਼ੋਟਕ ਸਮੱਗਰੀ ਅਤੇ 18 U.S.C. 921(a)(4) ਅਤੇ 26 U.S.C. 5845(f) ਵਿੱਚ ਪਰਿਭਾਸ਼ਿਤ ਕੀਤੇ ਅਨੁਸਾਰ ਕੋਈ ਵਿਸਫ਼ੋਟਕ ਉਪਕਰਨ ਸ਼ਾਮਲ ਹੁੰਦਾ ਹੈ।
8. ਕਤਲ।
9. ਕਿਸੇ ਜਨਤਕ ਵਰਤੋਂ ਦੇ ਸਥਾਨ, ਪ੍ਰਾਦੇਸ਼ਿਕ ਜਾਂ ਸਰਕਾਰੀ ਕੇਂਦਰ, ਕਿਸੇ ਜਨਤਕ ਢੋਅ-ਢੁਆਈ ਪ੍ਰਣਾਲੀ ਜਾਂ ਕਿਸੇ ਅਧਾਰਕ ਢਾਂਚੇ ਵਾਲੇ ਕੇਂਦਰ ਵਿੱਚ ਜਾਂ ਇਸਦੇ ਵਿਰੁੱਧ, ਕਿਸੇ ਵਿਸਫ਼ੋਟਕ ਪਦਾਰਥ ਜਾਂ ਕਿਸੇ ਦੂਸਰੇ ਮਾਰੂ ਉਪਕਰਨ ਦੀ ਡਿਲੀਵਰੀ, ਸਥਾਪਨ ਜਾਂ ਵਿਸਫ਼ੋਟ ਦੇ ਸੰਬੰਧ ਵਿੱਚ ਕੋਈ ਖਤਰਾ ਪੈਦਾ ਕਰਨਾ ਜਾਂ ਦੁਰਭਾਵਨਾ ਨਾਲ ਝੂਠੀ ਜਾਣਕਾਰੀ ਦੇਣੀ, ਜਿਸਦੇ ਝੂਠੀ ਹੋਣ ਦਾ ਪਤਾ ਹੋਵੇ।
10. ਧੋਖੇਬਾਜ ਪ੍ਰਭਾਵਿਤ ਅਤੇ ਭ੍ਰਿਸ਼ਟ ਸੰਗਠਨਾਂ ਸੰਬੰਧੀ ਅਧਿਨਿਯਮ (ਰੈਕੇਟੀਅਰ ਇਨਫਲੂਐਂਸਡ ਐਂਡ ਕੁਰੱਪਟ ਆਰਗੇਨਾਈਜ਼ੇਸ਼ਨਜ਼ ਐਕਟ) 18 U.S.C. 1961, *et seq.* ਜਾਂ ਇਸਦੇ ਬਰਾਬਰ ਦੇ ਪ੍ਰਾਦੇਸ਼ਿਕ ਕਾਨੂੰਨ ਦੀਆਂ ਉਲੰਘਣਾਵਾਂ, ਜਿੱਥੇ ਕਿਸੇ ਜਿਊਰੀ ਦੁਆਰਾ ਲੱਭੇ ਗਏ ਜਾਂ ਪ੍ਰਤਿਵਾਦੀ ਦੁਆਰਾ ਮਵੀਕਾਰ ਕੀਤੇ ਗਏ ਵਿਸ਼ੇਸ਼ ਕੰਮ, ਉਹਨਾਂ ਅਪਰਾਧਾਂ ਵਿੱਚੋਂ ਕੋਈ ਇੱਕ ਸ਼ਾਮਲ ਹੈ ਜੋ ਕਾਲਮ ਏ ਵਿੱਚ ਦਿੱਤੇ ਗਏ ਹਨ।
11. ਕਾਲਮ ਏ ਵਿਚਲੀਆਂ ਆਈਟਮਾਂ 1 ਤੋਂ 4 ਵਿੱਚ ਦਿੱਤੇ ਗਏ ਅਪਰਾਧ ਕਰਨ ਦੀ ਕੋਸ਼ਿਸ਼।
12. ਕਾਲਮ ਏ ਵਿਚਲੀਆਂ ਆਈਟਮਾਂ 5 ਤੋਂ 10 ਵਿੱਚ ਦਿੱਤੇ ਗਏ ਅਪਰਾਧ ਕਰਨ ਦੀ ਸਾਜਿਸ਼ ਜਾਂ ਕੋਸ਼ਿਸ਼ ।

*ਕਾਲਮ B*

***ਹੇਠਾਂ ਦੱਸਿਆਂ ਵਿੱਚੋਂ ਕਿਸੇ ਸੰਗੀਨ ਜੁਰਮ ਵਿੱਚ ਦੋਸ਼ ਸਿੱਧੀ, ਬਿਨੈਕਾਰ ਨੂੰ ਅਯੋਗ ਬਣਾ ਦਿੰਦੀ ਹੈ, ਜੇਕਰ TWIC ਅਰਜ਼ੀ ਦੇਣ ਦੀ ਮਿਤੀ ਤੋਂ 7 ਸਾਲਾਂ ਅੰਦਰ ਬਿਨੈਕਾਰ 'ਤੇ ਦੋਸ਼ ਸਿੱਧ ਹੋਏ ਸਨ, ਉਸਨੇ ਜੁਰਮ ਸਵੀਕਾਰ ਕੀਤਾ ਸੀ (ਬਿਨਾਂ ਲੜੇ) ਜਾਂ ਪਾਗਲਪਣ ਦੇ ਕਾਰਨ ਉਸਨੂੰ ਦੋਸ਼ੀ ਨਹੀਂ ਠਹਿਰਾਇਆ ਗਿਆ ਸੀ, ਜਾਂ ਫਿਰ ਜੇਕਰ ਬਿਨੈਕਾਰ ਨੂੰ ਦੋਸ਼ ਸਿੱਧ ਹੋਣ ਤੋਂ ਬਾਅਦ, ਅਰਜ਼ੀ ਦੀ ਮਿਤੀ ਤੋਂ 5 ਸਾਲਾਂ ਅਮਦਰ, ਜੇਲ੍ਹ ਤੋਂ ਰਿਹਾ ਕੀਤਾ ਗਿਆ ਸੀ। ਬਿਨੈਕਾਰ ਛੋਟ ਦਿੱਤੇ ਜਾਣ ਲਈ ਅਰਜ਼ੀ ਦੇ ਸਕਦਾ ਹੈ।***

1. ਕਿਸੇ ਅਗਨੀ ਅਸਤਰ ਜਾਂ ਕਿਸੇ ਦੂਸਰੇ ਹਥਿਆਰ ਨੂੰ ਗੈਰ ਕਾਨੂੰਨੀ ਤੌਰ 'ਤੇ ਰੱਖਣਾ, ਇਸਦਾ ਇਸਤੇਮਾਲ, ਵਿੱਕਰੀ, ਨਿਰਮਾਣ, ਖ਼ਰੀਦ, ਵੰਡ, ਪ੍ਰਾਪਤੀ, ਹਸਤਾਂਤਰਣ, ਸਮੁੰਦਰ ਜਹਾਜ਼ 'ਤੇ ਲਿਜਾਣਾ, ਢੋਅ-ਢੁਆਈ, ਪਹੁੰਚ, ਆਯਾਤ, ਨਿਰਯਾਤ ਜਾਂ ਲੈਣ ਦੇਣ। ਇੱਕ ਅਗਨੀ ਅਸ਼ਤਰ ਜਾਂ ਕਿਸੇ ਦੂਸਰੇ ਹਥਿਆਰ ਵਿੱਚ ਘੱਟੋ-ਘੱਟ 18 U.S.C. 921(a)(3) ਜਾਂ 26 U.S.C. 5 845(a) ਵਿੱਚ ਪਰਿਭਾਸ਼ਿਤ ਕੀਤੇ ਗਏ ਅਗਨੀ ਸ਼ਾਸਤਰ, ਜਾਂ 27 CFR 447.21 ਵਿਖੇ ਸੰਯੁਕਤ ਰਾਜ ਦੀ ਸ਼ਸਤਰ ਆਯਾਤ ਸੂਚੀ ਵਿੱਚ ਸ਼ਾਮਲ ਚੀਜ਼ਾਂ ਆ ਜਾਂਦੀਆਂ ਹਨ।
2. ਲੁੱਟ-ਖੋਹ।
3. ਬੇਇਮਾਨੀ, ਧੋਖਾਧੜੀ ਜਾਂ ਗ਼ਲਤ ਪੇਸ਼ਕਾਰੀ, ਜਿਸ ਵਿੱਚ ਪਛਾਣ ਸੰਬੰਧੀ ਧੋਖਾਧੜੀ ਅਤੇ ਪੈਸੇ ਦਾ ਹੇਰ ਫੇਰ ਸ਼ਾਮਲ ਹੈ, ਜਿੱਥੇ ਪੈਸੇ ਦੇ ਹੇਰ ਫੇਰ ਦਾ ਸੰਬੰਧ ਕਾਲਮ A ਅਤੇ B ਵਿੱਚ ਦੱਸੇ ਗਏ ਕਿਸੇ ਅਪਰਾਧ ਨਾਲ ਹੁੰਦਾ ਹੈ। ਇਸ ਪੈਰਾਗ੍ਰਾਫ ਦੇ ਉਦੇਸ਼ਾਂ ਲਈ ਭਲਾਈ ਸੰਬੰਧੀ ਧੋਖਾਧੜੀ ਅਤੇ ਗ਼ਲਤ ਚੈਕ ਅੱਗੇ ਵਧਾਉਣੀ ਬੇਇਮਾਨੀ, ਧੋਖਾਧੜੀ ਜਾਂ ਗ਼ਲਤ ਪੇਸ਼ਕਾਰੀ ਵਿੱਚ ਨਹੀਂ ਆਉਂਦੇ।
4. ਰਿਸ਼ਵਤਖੋਰੀ।
5. ਤੱਸਕਰੀ।
6. ਇੰਮੀਗ੍ਰੇਸ਼ਣ ਸੰਬੰਧੀ ਉਲੰਘਣਾਵਾਂ।
7. ਕਿਸੇ ਪ੍ਰਤੀਬੰਧਿਤ ਪਦਾਰਥ ਦੀ ਵੰਡ, ਜਾਂ ਵੰਡਣ ਦੇ ਮੰਤਵ ਨਾਲ ਇਸਨੂੰ ਆਪਣੇ ਕੋਲ ਰੱਖਣਾ, ਜਾਂ ਆਯਾਤ ਕਰਨਾ।
8. ਅੱਗਜਨੀ।
9. ਅਪਹਰਨ ਜਾਂ ਬੰਦੀ ਬਣਾਉਣਾ।
10. ਬਲਾਤਕਾਰ ਜਾਂ ਉਕਸਾਹਟ ਭਰਿਆ ਯੌਨ ਦੁਰਵਿਹਾਰ।
11. ਜਾਨ ਤੋਂ ਮਾਰ ਦੇਣ ਦੀ ਨੀਯਤ ਨਾਲ ਹਮਲਾ ਕਰਨਾ।
12. ਡਕੈਤੀ।
13. ਕਿਸੇ ਸਮੁੰਦਰੀ ਬੰਦਰਗਾਹ ਵਿੱਚ ਧੋਖੇ ਨਾਲ ਪ੍ਰਵੇਸ਼ ਕਰਨਾ ਜਿਵੇਂ ਕਿ 18 U.S.C.1036, ਜਾਂ ਇਸਦੇ ਬਰਾਬਰ ਦੇ ਪ੍ਰਾਦੇਸ਼ਿਕ ਕਾਨੂੰਨ ਵਿੱਚ ਦੱਸਿਆ ਗਿਆ ਹੈ।
14. ਧੋਖੇਬਾਜ ਪ੍ਰਭਾਵਿਤ ਅਤੇ ਭ੍ਰਿਸ਼ਟ ਸੰਗਠਨਾਂ ਸੰਬੰਧੀ ਅਧਿਨਿਯਮ (ਰੈਕੇਟੀਅਰ ਇਨਫਲੂਐਂਸਡ ਐਂਡ ਕੁਰੱਪਟ ਆਰਗੇਨਾਈਜ਼ੇਸ਼ਨਜ਼ ਐਕਟ) 18 U.S.C. 1961, *et seq.* ਜਾਂ ਇਸਦੇ ਬਰਾਬਰ ਦੇ ਪ੍ਰਾਦੇਸ਼ਿਕ ਕਾਨੂੰਨ ਦੀਆਂ ਉਲੰਘਣਾਵਾਂ, ਉਹਨਾਂ ਉਲੰਘਣਾਵਾਂ ਨੂੰ ਛੱਡ ਕੇ ਜੋ ਕਾਲਮ A ਮੱਦ 10 ਵਿੱਚ ਦਿੱਤੀਆਂ ਗਈਆਂ ਹਨ।
15. ਕਾਲਮ B ਵਿੱਚ ਦਿੱਤੇ ਸੰਗੀਨ ਜੁਰਮ ਕਰਨ ਦੀ ਸਾਜਿਸ਼ ਜਾਂ ਕੋਸ਼ਿਸ਼।

ਇਸ ਫ਼ਾਰਮ ਦੇ ਪਹਿਲਾਂ ਵਾਲੇ ਸੰਸਕਰਣ ਪ੍ਰਚਲਣ ਵਿੱਚ ਨਹੀਂ ਹਨ।